## ਸੰਪਾਦਕ ਦੀ ਕਲਮ ਤੋਂ

# ਭਾਰਤ ਦਾ ਸੰਵਿਧਾਨ ਤੇ ਸਿੱਖ

**ਜੇਕਰ** ਕਿਸੇ ਭੱਦਰ ਪੁਰਸ਼ ਦੀ ਕਿਸੇ ਨੂੰ ਇਕ ਸੰਤਰਾ ਦੇਣ ਦੀ ਨੀਯਤ ਹੋਵੇ ਤਾਂ ਉਹ ਬੜੇ ਹੀ ਸਿੱਧੇ ਢੰਗ ਨਾਲ ਕਹੇਗਾ ਕਿ ਭਾਈ ਸਾਹਿਬ ਇਹ ਸੰਤਰਾ ਛਕੋ ਅਤੇ ਯਕੀਨਨ ਉਸ ਨੂੰ ਉਹ ਸੰਤਰਾ ਮਿਲ ਜਾਇਗਾ। ਪਰ ਜੇਕਰ ਇਹੀ ਗੱਲ ਕਿਸੇ ਵਕੀਲ ਕੋਲ ਲੈ ਜਾਓ ਕਿ ਜਨਾਬ ਇਸ ਦਾ ਇਕ ਅਸ਼ਟਾਮ ਪੇਪਰ ਤਿਆਰ ਕਰ ਦਿਉ ਤਾਂ ਉਹ ਕੁਝ ਇਸ ਤਰ੍ਹਾਂ ਲਿਖੇਗਾ, "ਮੈਂ ਗਿਰਧਾਰੀ ਲਾਲ ਵਲਦ ਹਵੇਲੀ ਰਾਮ ਨਿਵਾਸੀ ਫ਼ਲਾਂ ਫ਼ਲਾਂ ਫ਼ਲਾਂ ਅੱਜ ਤਾਰੀਖ਼ 26 ਮਾਰਚ 2004 ਦਿਨ ਬੁੱਧਵਾਰ ਨੂੰ ਰਾਮ ਸਿੰਘ ਪੁੱਤਰ ਸ਼ਾਮ ਸਿੰਘ ਵਾਸੀ........ਨੂੰ ਆਪਣਾ ਇਕ ਅਦਦ ਸਾਲਮ ਸੰਤਰਾ, ਸਣੇ ਇਸਦੇ ਛਿੱਲੜ, ਬੀਜ, ਜੂਸ, ਗੁੱਦੇ ਦੇ ਪੂਰੇ ਪੂਰੇ ਹੱਕ ਅਤੇ ਹਕੂਕ ਸਮੇਤ ਕੱਟਣ, ਚੂਸਣ, ਖਾਣ, ਪੀਣ, ਵਰਤਣ, ਵੰਡਣ, ਸੁੱਟਣ, ਵੇਚਣ ਜਾਂ ਕਿਸੇ ਨੂੰ ਵੀ ਦੇਣ ਦੇ ਦਿੰਦਾ ਹਾਂ ਤੇ ਇਹ ਸੰਤਰਾ ਉਸ ਨੇ ਵਸੂਲ ਪਾ ਲਿਆ ਹੈ।" ਇਹ ਦਸਤਾਵੇਜ਼ ਤਿਆਰ ਹੋ ਜਾਣ ਦੇ ਬਾਅਦ ਹੁਣ ਇਹ ਨਹੀਂ ਕਿਹਾ ਜਾ ਸਕਦਾ ਕਿ ਵਾਕਈ ਹੀ ਉਹ ਸੰਤਰਾ ਹੁਣ ਉਸ ਗਰੀਬ ਨੂੰ ਮਿਲੇਗਾ ਵੀ ਕਿ ਨਹੀਂ।

ਇਸੇ ਲਈ ਕਿਹਾ ਜਾਂਦਾ ਹੈ ਕਿ ਜਿਹੜੀ ਚੀਜ਼ ਤੁਸੀਂ ਕਿਸੇ ਨੂੰ ਨ੍ਹਾ ਦੇਣਾ ਚਾਹੋ, ਕੋਈ ਵਾਇਦਾ ਪੂਰਾ ਨਾ ਕਰਨ ਦੀ ਨੀਅਤ ਹੋਵੇ ਤਾਂ ਫਿਰ ਇਹ ਉਸ ਨੂੰ ਲਿਖ ਕੇ ਦੇ ਦਵੋ। ਕਾਨੂੰਨੀ ਪੇਚੀਦਗੀਆਂ ਅਤੇ ਵਿਆਖਿਆ ਦੀਆਂ ਘੁੰਡੀਆਂ ਵਿੱਚ ਅਸਲੀ ਮੁੱਦਾ ਗਵਾਚ ਹੀ ਜਾਵੇਗਾ।

ਕੁਝ ਕੁਝ ਇਹੋ ਹਾਲ ਭਾਰਤ ਮਹਾਨ ਦੇ ਭਾਰੀ ਵਿਸ਼ਾਲ ਸੰਵਿਧਾਨ ਜਾਂ ਆਈਨ ਦਾ ਹੋਇਆ ਹੈ। ਧਾਰਮਿਕ, ਸੱਭਿਆਚਾਰਕ ਅਤੇ ਭਾਸ਼ਾਈ ਘੱਟ ਗਿਣਤੀਆਂ ਦੇ ਹੱਕ ਸੁਰੱਖਿਅਤ ਰੱਖਣ ਦੇ ਲੰਮੇ-ਚੌੜੇ ਦਾਵਿਆਂ ਨਾਲ ਭਰਪੂਰ ਇਹ ਦਸਤਾਵੇਜ਼ ਕੀ ਉਨ੍ਹਾਂ ਦੇ ਵਿਸ਼ਵਾਸ਼ ਤੇ ਖ਼ਰਾ ਉਤਰ ਸਕਿਆ ਹੈ, ਕੀ ਇਹ ਸੰਵਿਧਾਨ ਧਾਰਮਿਕ ਘੱਟ ਗਿਣਤੀ ਕੌਮਾਂ ਦੇ ਧਾਰਮਿਕ ਹੱਕਾਂ, ਉਨ੍ਹਾਂ ਦੇ ਧਾਰਮਿਕ ਅਕੀਦੇ ਤੇ ਧਾਰਮਿਕ ਸਥਾਨਾਂ ਦੀ ਹਿਫ਼ਾਜਤ ਦੀ ਜ਼ਮਾਨਤ ਦੇ ਸਕਿਆ ਹੈ। ਜਵਾਬ ਨਿਰਾਸ਼ਾਜਨਕ ਹੀ ਹੋਵੇਗਾ।

ਫ਼ਿਰੰਗੀਆਂ ਦੀ ਗੁਲਾਮੀ ਤੋਂ ਮੁਕਤ ਹੋਣ ਦੀ ਜੰਗ ਦੇ ਦੌਰਾਨ ਹੀ ਅਜ਼ਾਦ ਭਾਰਤ ਦੇ ਸੰਵਿਧਾਨ ਦੀ ਬਣਤਰ, ਤਾਣੇ ਪੇਟੇ ਦੀ ਗੱਲ ਚੱਲ ਪਈ ਸੀ। ਮੁਸਲਿਮ ਲੀਗ ਦੇ ਦੋ ਕੌਮਾਂ ਦੇ ਸਿਧਾਂਤ ਨੂੰ ਅਮਲੀ ਤੌਰ 'ਤੇ ਪ੍ਰਵਾਨ ਕਰਕੇ ਇਨ੍ਹਾਂ ਦੋਹਾਂ ਦੇ ਭਵਿੱਖ ਨਿਰਧਾਰਣ ਲਈ 'ਹਿੰਦੂ ਕਾਂਗਰਸ' ਅਤੇ 'ਮੁਸਲਿਮ ਲੀਗ' ਪਾਰਟੀਆਂ ਦੀਆਂ ਵਕੀਲ ਬਣੀਆਂ। ਤੀਜੀ ਧਿਰ ਬਹੁਤ ਹੀ ਛੋਟੀ ਪਰ ਅਹਿਮੀਅਤ ਦੇ ਪੱਖੋਂ ਸਭ ਤੋਂ ਵੱਡੀ ਸਿੱਖ ਕੌਮ ਸੀ। ਇਸ ਦੀ ਨੁਮਾਇੰਦਗੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਥਾਪਤ ਸ਼੍ਰੋਮਣੀ ਅਕਾਲੀ ਦਲ ਕੋਲ ਸੀ।

ਦੋ ਅਜ਼ੀਮ ਜੰਗਾਂ, ਵਿਸ਼ਵ ਯੁੱਧ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਮੋਰਚਿਆਂ ਵਿੱਚ ਅੰਗਰੇਜ਼ਾਂ ਦੀਆਂ ਗੋਡਣੀਆਂ ਲਵਾ ਚੁੱਕੇ ਅਤੇ ਇਸ ਵਾਵਰੋਲੇ ਵਿੱਚ ਸਿੱਖ ਸਭ ਤੋਂ ਵੱਧ ਪ੍ਰਭਾਵਿਤ ਸਨ। ਇਸ ਲਈ 'ਹਿੰਦੂ ਕਾਂਗਰਸ' ਅਤੇ 'ਮੁਸਲਿਮ ਲੀਗ' ਦੋਨੋਂ ਹੀ ਦੇਸ਼ ਦੇ ਭਵਿੱਖਤ ਢਾਂਚੇ ਵਿੱਚ ਇਨ੍ਹਾਂ ਨੂੰ ਨਾਲ ਲੈ ਕੇ ਚੱਲਣ ਦੇ ਲਿਖਤੀ ਵਾਇਦੇ ਅਤੇ ਅਹਿਦਨਾਮੇ ਕਰਦੇ ਰਹੇ।

ਅਕਾਲੀ ਮੋਰਚਿਆਂ ਨੂੰ ਕਾਂਗਰਸ, ਮੁਸਲਿਮ ਲੀਗ ਸਣੇ ਮਹਾਤਮਾ ਗਾਂਧੀ ਨੇ ਦੇਸ਼ ਦੀ ਅਜ਼ਾਦੀ ਦੀ ਜੰਗ ਤਸਲੀਮ ਕੀਤਾ।

ਅਕਾਲੀ ਲਹਿਰ ਦੌਰਾਨ ਚਾਬੀਆਂ ਦੇ ਮੋਰਚੇ ਦੀ ਸਫ਼ਲਤਾ ਦੇ ਬਾਅਦ 18 ਜਨਵਰੀ 1922 ਨੂੰ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਤਾਰ ਰਾਹੀਂ ਵਧਾਈ ਸੰਦੇਸ਼ ਦਿੰਦਿਆਂ ਕਿਹਾ, "ਸਿੱਖਾਂ ਨੇ ਦੇਸ਼ ਦੀ ਅਜ਼ਾਦੀ ਦੀ ਪਹਿਲੀ ਵੱਡੀ ਜੰਗ ਜਿੱਤ ਲਈ ਹੈ, ਵਧਾਈ।"

25 ਸਤੰਬਰ 1923 ਨੂੰ ਅਕਾਲੀ ਮੋਰਚੇ ਦੌਰਾਨ ਨਾਭਾ ਜੇਲ੍ਹ 'ਚੋਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਲਿਖਿਆ ਕਿ, 'ਸਿੱਖਾਂ ਪ੍ਰਤੀ ਡੂੰਘੀ ਸਦਭਾਵਨਾ ਅਤੇ ਸਨੇਹ ਦਰਸਾਉਣ ਦਾ ਮੈਨੂੰ ਹੁਣ ਮੌਕਾ ਮਿਲਿਆ ਹੈ ਅਤੇ ਮੈਂ ਪੂਰੀ ਨੇਕ-ਨੀਅਤੀ ਨਾਲ ਉਮੀਦ ਕਰਦਾ ਹਾਂ ਕਿ ਮੈਂ ਉਨ੍ਹਾਂ ਦੇ ਉੱਚੇ ਆਦਰਸ਼ਾਂ ਅਤੇ ਦਲੇਰੀ ਦੀ ਭਾਵਨਾ ਤੇ ਖ਼ਰਾ ਉਤਰਾਂਗਾ। ਸਤਿ ਸ੍ਰੀ ਅਕਾਲ। (*Selected Works of Jawahar Lal Nehru.* Vol.I, P. 375)

ਪੰਜਾਬ ਦੀ ਤਤਕਾਲੀਨ ਰਾਜਧਾਨੀ ਲਾਹੌਰ ਦੇ ਕਾਂਗਰਸ ਸੈਸ਼ਨ ਨੇ ਮਤਾ ਪਾਸ ਕਰ ਕੇ ਉਚੇਚੇ ਤੌਰ 'ਤੇ ਸਿੱਖਾਂ ਨੂੰ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਦੇਸ਼ ਦੇ ਭਵਿੱਖਤ ਢਾਂਚੇ ਵਿੱਚ ਉਨ੍ਹਾਂ ਦੇ ਹੱਕ ਵਿਸ਼ੇਸ਼ ਤੌਰ 'ਤੇ ਸੁਰੱਖਿਅਤ ਰਹਿਣਗੇ।

6 ਨਵੰਬਰ 1939 ਨੂੰ ਮਹਾਤਮਾ ਗਾਂਧੀ ਨੇ ਵੀ ਕਿਹਾ ਕਿ, "ਘੱਟ ਗਿਣਤੀ ਕੌਮਾਂ ਦੇ ਹੱਕਾਂ ਦੀ ਰਾਖੀ ਉਨ੍ਹਾਂ ਦੀ ਤਸੱਲੀ ਮੁਤਾਬਿਕ ਹੋਣ ਦੀ ਸ਼ਰਤ 'ਤੇ ਦੇਸ਼ ਦੇ ਸੰਵਿਧਾਨ ਦਾ ਨਿਰਮਾਣ ਕੀਤਾ ਜਾਏ।" (Vol. 10. p. 371)

ਇਸੇ ਤਰ੍ਹਾਂ 14 ਦਸੰਬਰ 1939 ਨੂੰ ਬੰਬਈ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਕਿ, "ਘੱਟ ਗਿਣਤੀਆਂ ਦੇ ਮਸਲੇ ਉਨ੍ਹਾਂ ਦੀ ਰਜ਼ਾਮੰਦੀ ਨਾਲ ਤੈਅ ਕੀਤੇ ਜਾਣਗੇ। ਇਹ ਸਹਿਮਤੀ ਨਾ ਹੋਣ ਦੀ ਸੂਰਤ ਵਿੱਚ ਅੰਤਰਰਾਸ਼ਟਰੀ ਟ੍ਰਿਬਿਊਨਲ ਨੂੰ ਸੌਂਪੇ ਜਾ ਸਕਦੇ ਹਨ।" (Vol.10, p. 405)

ਪੰਡਿਤ ਜੀ ਨੇ 9 ਜਨਵਰੀ 1940 ਨੂੰ ਅਲੀਗੜ੍ਹ ਵਿੱਚ ਇਕ ਜਲਸੇ ਵਿੱਚ ਐਲਾਨ ਕੀਤਾ ਕਿ, "ਸੰਵਿਧਾਨ ਦੇ ਮੂਲਭੂਤ ਢਾਂਚੇ ਵਿੱਚ ਘੱਟ ਗਿਣਤੀ ਕੌਮਾਂ ਦੇ ਧਾਰਮਿਕ, ਭਾਸ਼ਾਈ ਅਤੇ ਸੱਭਿਆਚਾਰ ਵਿਰਸੇ ਦੇ ਹੱਕਾਂ ਦੇ ਸੁਰੱਖਿਅਤ ਰੱਖਣ ਬਾਰੇ ਸਪੱਸ਼ਟ ਤੌਰ 'ਤੇ ਐਲਾਨ ਹੋਵੇਗਾ। ਇਨ੍ਹਾਂ ਮਸਲਿਆਂ ਬਾਰੇ ਨਿਰਣਾ ਸੁਪਰੀਮ ਕੋਰਟ ਨੂੰ ਕਰਨ ਦਾ ਹੱਕ ਹੋਵੇਗਾ। ਭਾਰਤ ਦੀ ਸੰਵਿਧਾਨ ਘੜਨੀ ਕਾਊਂਸਿਲ (Constituent Assembly) ਅਕਲੀਅਤ, ਘੱਟ ਗਿਣਤੀ ਕੌਮਾਂ ਦੇ ਫ਼ੈਸਲੇ ਬਹੁ ਗਿਣਤੀ ਦੀਆਂ ਵੋਟਾਂ ਨਾਲ ਨਹੀਂ ਕਰੇਗੀ ਬਲਕਿ ਆਮ ਸਹਿਮਤੀ ਨਾਲ ਹੋਣਗੇ। ਇਹ ਸਹਿਮਤੀ ਨਾ ਹੋਣ ਦੀ ਸੂਰਤ ਵਿੱਚ "ਲੀਗ ਆਫ਼ ਨੇਸ਼ਨਜ਼" (ਯੂ.ਐਨ.ਓ.) ਦੀ arbitration (ਸਾਲਸੀ) ਨਾਲ ਇਹ ਮਸਲੇ ਹੱਲ ਕੀਤੇ ਜਾਣਗੇ।............(Vol. 10, p. 257)

10 ਜੂਨ 1940 ਨੂੰ ਗਾਜ਼ੀਆਬਾਦ ਵਿੱਚ ਇਕ ਜਲਸੇ ਦੌਰਾਨ ਪੰਡਿਤ ਜੀ ਨੇ ਕਿਹਾ, "ਘੱਟ ਗਿਣਤੀ ਕੌਮਾਂ ਦੇ ਸ਼ੱਕ ਅਤੇ ਅੰਦੇਸ਼ੇ ਦੂਰ ਕਰਨ ਲਈ ਕਾਂਗਰਸ ਨੇ ਇਹ ਮਨਜ਼ੂਰ ਕੀਤਾ ਹੈ ਕਿ ਜੇ ਉਹ ਚਾਹੁਣ ਤਾਂ ਆਪਣੀਆਂ ਵੱਖਰੀਆਂ ਵੋਟਾਂ ਰਾਹੀਂ ਆਪਣੇ ਨੁਮਾਇੰਦੇ ਚੁਣ ਸਕਦੇ ਹਨ। ਧਾਰਮਿਕ ਮਸਲਿਆਂ ਤੇ ਬਹੁਗਿਣਤੀ ਦੀਆਂ ਵੋਟਾਂ ਨਾਲ ਨਹੀਂ ਬਲਕਿ ਆਮ ਸਹਿਮਤੀ ਨਾਲ ਫ਼ੈਸਲੇ ਲਏ ਜਾਣਗੇ। ਆਮ ਸਹਿਮਤੀ ਨਾ ਹੋਣ ਦੀ ਸੂਰਤ ਵਿੱਚ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ "ਲੀਗ ਆਫ਼ ਨੇਸ਼ਨਜ਼" ਜਾਂ "ਇੰਟਰ ਨੈਸ਼ਨਲ ਕੋਰਟ ਆਫ਼ ਜਸਟਿਸ" ਰਾਹੀਂ ਇਹ ਫ਼ੈਸਲੇ ਕੀਤੇ ਜਾਣਗੇ।" (Vol. 10, p. 425)

ਪਰ ਜਿਵੇਂ ਅਦਾਲਤੀ ਪ੍ਰਕਿਰਿਆ ਵਿੱਚ ਹੁੰਦਾ ਹੈ ਅਦਾਲਤ ਦੀ ਡਿਗਰੀ ਜਾਂ ਫ਼ੈਸਲਾ ਤਾਂ ਹੋ ਜਾਏਗਾ ਉਸ ਨੂੰ ਲਾਗੂ ਕੌਣ ਕਰਵਾਏਗਾ? ਇਹ ਜ਼ਿੰਮੇਵਾਰੀ ਤਾਂ ਸਰਕਾਰ ਜਾਂ ਸਰਕਾਰੀ ਤੰਤਰ ਦੀ ਹੁੰਦੀ ਹੈ ਤੇ ਜੇ ਉਹੋ ਹੀ ਮੁਕਰ ਜਾਏ ਤਾਂ ਫ਼ਰਿਆਦ ਕਿਸ ਕੋਲ ਹੋਵੇਗੀ।

ਨਵ-ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕਰਦਿਆਂ ਸਿੱਖਾਂ ਨਾਲ ਕੀਤੇ ਸਾਰੇ ਵਾਇਦੇ, ਅਹਿਦਨਾਮੇ ਅਤੇ ਐਲਾਨਨਾਮੇ ਮੂਲੋਂ ਹੀ ਭੁਲਾ ਦਿੱਤੇ ਗਏ ਬਲਕਿ ਪੰਡਿਤ ਜੀ ਨੇ ਬੜੀ ਨਿਝਕਤਾ ਨਾਲ ਪਾਰਲੀਮੈਂਟ ਵਿੱਚ ਕਿਹਾ ਕਿ 'ਵੋਹ ਵਾਇਦੇ ਵਕਤ ਕੇ ਮੁਤਾਬਿਕ ਕੀਏ ਗਏ ਥੇ ਜੋ ਪੂਰੇ ਨਹੀਂ ਕੀਏ ਜਾ ਸਕਤੇ।'

ਵਿਸਾਹਘਾਤ ਦੇ ਡੰਗੇ ਵਿਚਾਰੇ ਸਿੱਖਾਂ ਕੋਲ ਹੋਰ ਚਾਰਾ ਹੀ ਕੀ ਸੀ ਸਿਵਾਇ ਇਸਦੇ ਕਿ ਉਨ੍ਹਾਂ ਦੇ ਨੁਮਾਇੰਦਿਆਂ, ਸਰਦਾਰ ਹੁਕਮ ਸਿੰਘ ਅਤੇ ਜੋਗਿੰਦਰ ਸਿੰਘ ਮਾਨ ਨੇ ਵਿਧਾਨ ਤੇ ਆਪਣੇ ਦਸਤਖ਼ਤ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ, "ਭਾਰਤ ਦੇ ਸਿੱਖ ਇਸ ਵਿਧਾਨ ਨੂੰ ਨਹੀਂ ਮੰਨਦੇ, ਭਾਰਤ ਦੇ ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ।" (ਇਹ ਗੱਲ ਵੱਖ ਹੈ ਕਿ ਉਸੇ ਸੰਵਿਧਾਨ ਦੀ ਸੌਂਹ ਚੁੱਕ ਕੇ ਸਰਦਾਰ ਹੁਕਮ ਸਿੰਘ ਲੋਕ ਸਭਾ ਦੇ ਸਪੀਕਰ ਅਤੇ ਗਵਰਨਰ ਦੇ ਅਹੁਦੇ 'ਤੇ ਬਿਰਾਜਮਾਨ ਹੋਏ।)

**ਇਸ ਸਾਰੇ ਵਰਤਾਰੇ ਅਤੇ ਪਿਛੋਕੜ ਦੇ ਬਾਵਜੂਦ ਧਰਾਤਲ ਦੀ ਸੱਚਾਈ ਇਹ ਹੈ ਕਿ ਸਿੱਖਾਂ ਦੀ ਨਿੱਜੀ ਸੋਚ ਦੇ ਮੁਕਾਬਲੇ ਦੇਸ਼ ਦੀ ਸਾਂਝੀ ਸੋਚ ਨੇ ਇਹ ਵਿਧਾਨ ਤਿਆਰ ਕੀਤਾ ਹੈ ਤੇ ਹਰ ਦੇਸ਼ ਵਾਸੀ ਤੇ ਪੂਰੀ-ਪੂਰੀ ਤਰ੍ਹਾਂ ਲਾਗੂ ਹੈ ਅਤੇ ਮੰਨਣਾ ਪਵੇਗਾ। ਇਸ ਹਾਲਤ ਵਿੱਚ ਆਪਣੀ ਸੋਚ ਅਤੇ ਨਿਸ਼ਾਨੇ ਨੂੰ ਨਵੀਂ ਦਿਸ਼ਾ ਦੇਣ ਦੀ ਲੋੜ ਹੈ।**

ਭਾਰਤ ਦੇ ਇਸ ਭਾਰੀ ਭਰਕਮ ਸੰਵਿਧਾਨ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹਨ। ਸੰਵਿਧਾਨ ਦੇ ਨਿਰਮਾਤਾਵਾਂ ਦੀ ਮਨਸ਼ਾ ਜੋ ਵੀ ਰਹੀ ਹੋਵੇ ਦੈਵਨੇਤ ਨਾਲ ਇਸ ਵਿੱਚ ਕੁਝ ਧਾਰਾਵਾਂ ਅਜਿਹੀਆਂ ਹਨ ਜੋ ਘੱਟ ਗਿਣਤੀਆਂ ਖ਼ਾਸ ਕਰਕੇ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਸਹਾਈ ਹੋ ਸਕਦੀਆਂ ਹਨ। ਮਸਲਨ ਧਾਰਾ 19, ਵਿਦਿਅਕ ਸੱਭਿਆਚਾਰਕ ਤੋਂ ਧਾਰਾ 30 ਤੱਕ ਧਰਮ, ਧਾਰਮਿਕ ਅਕੀਦੇ, ਧਾਰਮਿਕ ਸੰਸਥਾਵਾਂ ਦੇ ਸਥਾਪਤ ਕਰਨ ਉਨ੍ਹਾਂ ਨੂੰ ਆਪਣੇ ਢੰਗ ਨਾਲ ਚਲਾਉਣ ਦੇ ਹੱਕ ਪ੍ਰਦਾਨ ਕਰਦਾ ਹੈ।

ਸੰਵਿਧਾਨ ਵਿੱਚ ਆਮ ਤੌਰ 'ਤੇ ਕਿਸੇ ਮੱਦ ਦੀ ਵਿਆਖਿਆ ਨਹੀਂ ਹੁੰਦੀ। ਇਹ ਅਦਾਲਤਾਂ ਅਤੇ ਨਿਆਂ ਸ਼ਾਸਤਰੀਆਂ ਦੀ ਬਹਿਸ ਮੁਬਾਹਿਸੇ ਦੇ ਰਹਿਮੋ ਕਰਮ 'ਤੇ ਹੁੰਦੀ ਹੈ। ਪਰ ਭਾਰਤ ਦੇ ਸੰਵਿਧਾਨ ਦੀ ਧਾਰਾ 25 ਵਿੱਚ ਵਿਸ਼ੇਸ਼ ਵਿਆਖਿਆ ਰਾਹੀਂ ਸਿੱਖਾਂ ਦੇ ਕ੍ਰਿਪਾਨ ਧਾਰਨ ਕਰਨ ਤੇ ਆਪਣੇ ਨਾਲ-ਨਾਲ ਰੱਖਣ ਨੂੰ ਧਰਮ ਦੀ ਪਾਲਣਾ ਕਰਨਾ ਕਿਹਾ ਗਿਆ ਹੈ।

ਦਿੱਕਤ ਇਨ੍ਹਾਂ ਸੰਵਿਧਾਨਕ ਨਿਯਮਾਂ ਵਿੱਚ ਨਹੀਂ ਬਲਕਿ ਉਨ੍ਹਾਂ ਨੂੰ ਲਾਗੂ ਕਰਨ ਵਾਲੀ ਮਸ਼ੀਨਰੀ ਵਿੱਚ ਹੈ।

ਹੁਣ ਮੌਜੂਦਾ ਸੰਵਿਧਾਨਕ ਢਾਂਚੇ ਦੇ ਤਹਿਤ ਭਾਰਤ ਵਾਸੀ ਸਿੱਖਾਂ ਦੀ ਕੌਮੀ ਜ਼ਰੂਰਤ ਅਤੇ ਮੰਗ ਹੋਣੀ ਚਾਹੀਦੀ ਹੈ ਕਿ ਕਿਸੇ ਵੀ ਸੰਵਿਧਾਨਕ ਢਾਂਚੇ ਦੇ ਚਾਰ ਮੂਲਭੂਤ ਥੰਮਾਂ-ਵਿਧਾਨ ਪਾਲਿਕਾ, ਨਿਆਂ ਪਾਲਿਕਾ, ਸਰਕਾਰੀ ਰਾਜਤੰਤਰ ਅਤੇ ਪ੍ਰੈੱਸ-ਦੇ ਸਿੱਖਾਂ ਪ੍ਰਤੀ ਸੁਹਿਰਦ, ਨਿਆਂਸ਼ੀਲ ਅਤੇ ਤਰਕ ਸੰਗਤ ਹੋਣ ਦਾ ਇੰਤਜ਼ਾਰ ਕੀਤੇ ਬਿਨਾਂ ਇਕ ਸੰਵਿਧਾਨਕ ਢਾਂਚੇ ਅਤੇ ਮਸ਼ੀਨਰੀ ਦਾ ਗਠਨ ਹੋਣਾ ਚਾਹੀਦਾ ਹੈ ਜੋ ਸੰਵਿਧਾਨ ਵਿੱਚ ਅੰਕਿਤ ਘੱਟ ਗਿਣਤੀਆਂ ਅਤੇ ਖ਼ਾਸ ਕਰਕੇ ਸਿੱਖ ਹੱਕਾਂ ਦੇ ਨਿਰਵਿਘਨ, ਨਿਰਸੰਦੇਹ ਅਤੇ ਨਿਰਪੱਖ ਤੌਰ 'ਤੇ ਲਾਗੂ ਕਰਵਾਉਣ ਲਈ ਸੰਵਿਧਾਨਕ ਤੌਰ 'ਤੇ ਜ਼ਿੰਮੇਵਾਰ ਅਤੇ ਜਵਾਬਦੇਹ ਹੋਵੇ।

ਇਹ ਕਾਫ਼ੀ ਹੱਦ ਤੱਕ ਦਿੱਲੀ ਪ੍ਰਤੀ ਸਿੱਖਾਂ ਵਿੱਚ ਬੇਚਾਰਗੀ ਅਤੇ ਲਾਚਾਰਗੀ ਦੂਰ ਕਰਨ ਦੇ ਨਾਲ-ਨਾਲ ਸਿੱਖ ਲੀਡਰਸ਼ਿਪ ਨੂੰ 'ਧਰਮ ਨਿਰਪੱਖਤਾ' ਦਾ ਲਬਾਦਾ ਉਤਰਵਾ ਕੇ ਮੁੜ ਪੰਥਕ ਮੁੱਦਿਆਂ ਵੱਲ ਕ੍ਰਿਆਸ਼ੀਲ ਕਰੇਗੀ।